Office of the
Public Guardian (Scotland)

## ਪਾਵਰ ਆਵ ਅਟੌਰਨੀ (ਮੁਖ਼ਤਿਆਰਨਾਮਾ) ਕੀ ਹੁੰਦੀ ਹੈ?

ਪਾਵਰ ਆਵ ਅਟੌਰਨੀ (ਮੁਖ਼ਤਿਆਰਨਾਮਾ, PoA) ਇੱਕ ਲਿਖਤੀ ਦਸਤਾਵੇਜ਼ ਹੈ ਜੋ ਕਿਸੇ ਹੋਰ ਵਿਅਕਤੀ ਨੂੰ ਤੁਹਾਡੀ ਵੱਲੋਂ ਕਾਰਵਾਈ ਕਰਨ ਜਾਂ ਫੈਸਲੇ ਲੈਣ ਦਾ ਅਧਿਕਾਰ ਦਿੰਦਾ ਹੈ। ਇਹ ਅਧਿਕਾਰ ਤੁਹਾਡੇ ਵਿੱਤੀ ਮਾਮਲਿਆਂ ਅਤੇ/ਜਾਂ ਭਲਾਈ ਦੇ ਮਾਮਲਿਆਂ ਨਾਲ ਨਜਿੱਠਣ ਲਈ ਹੋ ਸਕਦਾ ਹੈ। ਜੇਕਰ ਤੁਸੀਂ ਭਵਿੱਖ ਵਿੱਚ ਅਸਮਰਥ ਹੋ ਜਾਂਦੇ ਹੋ ਤਾਂ ਇਸਦੀ ਵਰਤੋਂ ਕੀਤੀ ਜਾ ਸਕਦਾ ਹੈ।

PoA ਵਿੱਚ ਉਹਨਾਂ ਲੋਕਾਂ ਦੇ ਨਾਵਾਂ ਦਾ ਵੇਰਵਾ ਹੁੰਦਾ ਹੈ ਜਿਨ੍ਹਾਂ ਨੂੰ ਅਟਾਰਨੀ ਕਿਹਾ ਜਾਂਦਾ ਹੈ, ਜਿਨ੍ਹਾਂ ਨੂੰ ਤੁਸੀਂ ਆਪਣੀ ਮਦਦ ਲਈ ਚਾਹੁੰਦੇ ਹੋ, ਅਤੇ ਇਹ ਉਹਨਾਂ ਵਿਅਕਤੀਗਤ ਸ਼ਕਤੀਆਂ ਨੂੰ ਵੀ ਸੂਚੀਬੱਧ ਕਰਦੀ ਹੈ ਜੋ ਤੁਸੀਂ ਉਹਨਾਂ ਨੂੰ ਦੇਣਾ ਚਾਹੁੰਦੇ ਹੋ। PoA ਇਹ ਵੀ ਦੱਸਦੀ ਹੈ ਕਿ ਤੁਹਾਡੇ ਅਟਾਰਨੀ ਕਦੋਂ ਤੋਂ ਕਾਰਵਾਈ ਕਰਨੀ ਸ਼ੁਰੂ ਕਰ ਸਕਦੇ ਹਨ?

## PoA ਕੌਣ ਬਣਾ ਸਕਦਾ ਹੈ?

16 ਸਾਲ ਤੋਂ ਵਧ ਉਮਰ ਦਾ ਕੋਈ ਵੀ ਵਿਅਕਤੀ PoA ਬਣਾ ਸਕਦਾ ਹੈ, ਪਰ ਜੇਕਰ ਤੁਹਾਨੂੰ ਦੀਵਾਲੀਆ ਘੋਸ਼ਿਤ ਕੀਤਾ ਗਿਆ ਹੈ ਤਾਂ ਕੁਝ ਪਾਬੰਦੀਆਂ ਹੁੰਦੀਆਂ ਹਨ। ਹੋਰ ਜਾਣਕਾਰੀ ਲਈ ਸਾਡੀ ਵੈੱਬਸਾਈਟ ਦੇਖੋ।

## ਅਸਮਰੱਥ ਹੋਣ ਦਾ ਕੀ ਮਤਲਬ ਹੈ?

ਮਤਲਬ ਕਿਸੇ ਦੁਰਘਟਨਾ ਜਾਂ ਬੀਮਾਰੀ ਦੇ ਕਾਰਨ ਤੁਹਾਡੀ ਸਮਰੱਥਾ ਹੌਲੀ-ਹੌਲੀ ਜਾਂ ਅਚਾਨਕ ਕਮਜ਼ੋਰ ਹੋ ਸਕਦੀ ਹੈ। ਇੱਕ ਰਜਿਸਟਰਡ ਅਤੇ ਲਾਇਸੰਸਸ਼ੁਦਾ ਮੈਡੀਕਲ ਡਾਕਟਰ ਹੀ ਇਹ ਦੱਸ ਸਕੇਗਾ ਕਿ ਤੁਸੀਂ ਅਸਮਰੱਥ ਹੋ ਜਾਂ ਨਹੀਂ।

## ਜੇਕਰ ਮੇਰੇ ਕੋਲ ਕੋਈ PoA ਨਾ ਹੋਵੇ ਤਾਂ ਕੀ ਹੋਵੇਗਾ?

ਕਿਸੇ ਨੂੰ ਵੀ ਕਾਨੂੰਨੀ ਅਧਿਕਾਰ ਤੋਂ ਬਿਨਾਂ ਤੁਹਾਡੇ ਵੱਲੋਂ ਕਾਰਵਾਈ ਕਰਨ ਦਾ ਸਵੈਚਲਿਤ ਅਧਿਕਾਰ ਨਹੀਂ ਹੈ। ਜੇਕਰ ਤੁਸੀਂ ਆਪਣੇ ਮਾਮਲਿਆਂ ਬਾਰੇ ਫੈਸਲੇ ਲੈਣ ਵਿੱਚ ਅਸਮਰੱਥ ਹੋ, ਤਾਂ ਤੁਹਾਡੇ ਪਰਿਵਾਰ ਜਾਂ ਦੋਸਤਾਂ ਨੂੰ ਤੁਹਾਡੀ ਵੱਲੋਂ ਕਾਰਵਾਈ ਕਰਨ ਦਾ ਅਧਿਕਾਰ ਪ੍ਰਾਪਤ ਕਰਨ ਲਈ ਅਦਾਲਤ ਜਾਣਾ ਪੈ ਸਕਦਾ ਹੈ।

## ਕੀ PoA ਸਿਰਫ਼ ਬਜ਼ੁਰਗਾਂ ਲਈ ਨਹੀਂ ਹੈ?

ਨਹੀਂ, ਕਿਸੇ ਨੂੰ ਵੀ ਇਹ ਗੱਲ ਚੰਗੀ ਨਹੀਂ ਲੱਗਦੀ ਕਿ ਉਹ ਆਪਣੀ ਦੇਖਭਾਲ ਆਪ ਨਾ ਕਰ ਸਕਣ, ਪਰ ਦੁਰਘਟਨਾਵਾਂ ਜਾਂ ਬਿਮਾਰੀਆਂ ਕਿਸੇ ਨੂੰ ਵੀ ਹੋ ਸਕਦੀਆਂ ਹਨ।

## ਕੀ PoA ਸਿਰਫ਼ ਬਹੁਤ ਸਾਰੇ ਪੈਸੇ ਵਾਲੇ ਲੋਕਾਂ ਲਈ ਨਹੀਂ ਹੈ?

ਨਹੀਂ, ਇਹ ਸਿਰਫ਼ ਪੈਸੇ/ਜਾਇਦਾਦ ਦੀ ਦੇਖਭਾਲ ਬਾਰੇ ਨਹੀਂ ਹੈ, ਇਹ ਤੁਹਾਨੂੰ ਇਹ ਯੋਜਨਾ ਬਣਾਉਣ ਦੀ ਵੀ ਆਗਿਆ ਦੇ ਸਕਦਾ ਹੈ ਕਿ ਤੁਹਾਡੇ ਲਈ ਨਿੱਜੀ ਭਲਾਈ ਦੇ ਮੁੱਦਿਆਂ ਦਾ ਫੈਸਲਾ ਕੌਣ ਕਰੇਗਾ।

## ਮੈਂ ਕਿਸਨੂੰ ਆਪਣਾ ਅਟਾਰਨੀ ਨਿਯੁਕਤ ਕਰ ਸਕਦਾ/ਸਕਦੀ ਹਾਂ?

ਤੁਸੀਂ 16 ਸਾਲ ਤੋਂ ਵੱਧ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਨਿਯੁਕਤ ਕਰ ਸਕਦੇ ਹੋ ਜਿਸਨੂੰ ਤੁਸੀਂ ਚਾਹੁੰਦੇ ਹੋ। ਇਹ ਕੋਈ ਪਰਿਵਾਰਕ ਮੈਂਬਰ ਜਾਂ ਦੋਸਤ, ਕੋਈ ਵਕੀਲ ਜਾਂ ਲੇਖਾਕਾਰ, ਜਾਂ ਇਹਨਾਂ ਦਾ ਸੁਮੇਲ ਹੋ ਸਕਦਾ ਹੈ। ਆਮ ਤੌਰ 'ਤੇ ਇੱਕ ਤੋਂ ਵੱਧ ਅਟਾਰਨੀ ਰੱਖਣਾ ਜਾਂ ਜਿਸਨੂੰ ਬਦਲਵਾਂ ਅਟਾਰਨੀ (ਸਬਸਟੀਟਯੂਟ ਅਟਾਰਨੀ) ਕਿਹਾ ਜਾਂਦਾ ਹੈ, ਰੱਖਣਾ ਇੱਕ ਚੰਗਾ ਵਿਚਾਰ ਹੁੰਦਾ ਹੈ ਤਾਂ ਜੋ ਜੇਕਰ ਤੁਹਾਡਾ ਅਟਾਰਨੀ ਤੁਹਾਡੇ ਲਈ ਕੰਮ ਨਹੀਂ ਕਰ ਸਕਦਾ ਤਾਂ ਉਹ ਕੰਮ ਸੰਭਾਲ ਸਕੇ।

ਤੁਸੀਂ ਆਪਣੇ ਵਿੱਤੀ ਮਾਮਲਿਆਂ ਨਾਲ ਨਜਿੱਠਣ ਲਈ ਕਿਸੇ ਨੂੰ ਅਤੇ ਆਪਣੀ ਨਿੱਜੀ ਭਲਾਈ ਨਾਲ ਨਜਿੱਠਣ ਲਈ ਕਿਸੇ ਹੋਰ ਨੂੰ ਨਿਯੁਕਤ ਕਰ ਸਕਦੇ ਹੋ।

ਜਿਸ ਵਿਅਕਤੀ ਨੂੰ ਤੁਸੀਂ ਆਪਣਾ ਅਟਾਰਨੀ ਬਣਾਉਣਾ ਚਾਹੁੰਦੇ ਹੋ, ਉਸ ਨਾਲ ਇਸ ਬਾਰੇ ਚਰਚਾ ਕਰਨਾ ਇੱਕ ਚੰਗਾ ਅਭਿਆਸ ਹੈ ਕਿ ਅਟਾਰਨੀ ਬਣਨ ਵਿੱਚ ਕੀ ਸ਼ਾਮਲ ਹੈ। ਜੇਕਰ ਤੁਸੀਂ ਵਿਚਾਰੇ ਗਏ ਮਾਮਲਿਆਂ ਦਾ ਇੱਕ ਨੋਟ ਰੱਖੋ ਅਤੇ ਆਪਣੇ ਸੰਭਾਵੀ ਅਟਾਰਨੀ ਨੂੰ ਵੀ ਇਸਦੀ ਇੱਕ ਕਾਪੀ ਦਿਓ ਤਾਂ ਇਹ ਮਦਦਗਾਰ ਹੋਵੇਗਾ। ਬੇਸ਼ਕ ਇਹ ਤੁਹਾਡੀ ਪਸੰਦ ਹੈ ਕਿ ਕਿਸਨੂੰ ਨਿਯੁਕਤ ਕਰਨਾ ਹੈ, ਪਰ ਤੁਸੀਂ ਆਪਣੇ ਵਿੱਤੀ ਅਤੇ ਜਾਇਦਾਦ ਦੇ ਮਾਮਲਿਆਂ ਨਾਲ ਨਜਿੱਠਣ ਲਈ ਕਿਸੇ ਅਜਿਹੇ ਵਿਅਕਤੀ ਨੂੰ ਨਿਯੁਕਤ ਨਹੀਂ ਕਰ ਸਕਦੇ ਜਿਸਨੂੰ ਵਰਤਮਾਨ ਵਿੱਚ ਦੀਵਾਲੀਆ ਘੋਸ਼ਿਤ ਕੀਤਾ ਗਿਆ ਹੋਵੇ।

## ਮੈਂ ਇਹ ਕਿਵੇਂ ਜਾਂ ਕਿੱਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਇੱਕ ਸਥਾਨਕ ਵਕੀਲ ਤੁਹਾਨੂੰ PoA ਦਾ ਡ੍ਰਾਫ਼ਟ ਤਿਆਰ ਕਰਨ ਅਤੇ ਇਸ ਮਾਮਲੇ 'ਤੇ ਕਾਨੂੰਨੀ ਸਲਾਹ ਦੇਣ ਵਿੱਚ ਮਦਦ ਕਰ ਸਕਦਾ ਹੈ। ਵਿਕਲਪਕ ਤੌਰ 'ਤੇ, ਕੁਝ ਕੰਪਨੀਆਂ ਅਤੇ ਸਟੇਸ਼ਨਰੀ ਦੀਆਂ ਦੁਕਾਨਾਂ ਵੀ PoA ਪੈਕ ਵੇਚਦੀਆਂ ਹਨ।

## ਇਸਦੀ ਕੀਮਤ ਕਿੰਨੀ ਹੈ?

ਇੱਕ ਪੇਸ਼ੇਵਰ ਤੁਹਾਡੇ ਤੋਂ PoA ਬਣਾਉਣ ਲਈ ਫੀਸ ਲੈ ਸਕਦਾ ਹੈ ਅਤੇ ਕੀਮਤਾਂ ਵੱਖ-ਵੱਖ ਹੁੰਦੀਆਂ ਹਨ। PoA ਵਿੱਚ ਇੱਕ ਵਕਾਲਤ ਕਰ ਰਹੇ ਵਕੀਲ ਜਾਂ ਮੈਡੀਕਲ ਡਾਕਟਰ ਦੁਆਰਾ ਦਸਤਖਤ ਕੀਤਾ ਇੱਕ ਸਰਟੀਫਿਕੇਟ ਸ਼ਾਮਲ ਹੋਣਾ ਚਾਹੀਦਾ ਹੈ। ਸਰਟੀਫਿਕੇਟ ਦੀ ਲੋੜ ਇਹ ਪੁਸ਼ਟੀ ਕਰਨ ਲਈ ਹੁੰਦੀ ਹੈ ਕਿ ਤੁਸੀਂ PoA ਨੂੰ ਸਮਝਣ ਦੇ ਯੋਗ ਹੋ। ਤੁਹਾਡੇ ਤੋਂ ਇਸ ਸੇਵਾ ਲਈ ਫੀਸ ਲਈ ਜਾ ਸਕਦੀ ਹੈ।
ਅਸੀਂ ਇੱਕ ਰਜਿਸਟ੍ਰੇਸ਼ਨ ਫੀਸ ਵੀ ਲੈਂਦੇ ਹਾਂ। ਤੁਸੀਂ ਸਾਡੀ ਵੈੱਬਸਾਈਟ 'ਤੇ ਸਾਡੀਆਂ ਮੌਜੂਦਾ ਫੀਸਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ ਜਾਂ ਸਾਨੂੰ ਫ਼ੋਨ ਕਰ ਸਕਦੇ ਹੋ।

## ਮੇਰੇ PoA ਦਾ ਕੀ ਹੁੰਦਾ ਹੈ?

PoA ਦੀ ਵਰਤੋਂ ਕੀਤੇ ਜਾਣ ਤੋਂ ਪਹਿਲਾਂ ਇਸਨੂੰ ਸਾਡੇ ਕੋਲ ਰਜਿਸਟਰ ਕਰਵਾਉਣਾ ਲਾਜ਼ਮੀ ਹੈ, ਭਾਵੇਂ ਤੁਸੀਂ ਅਜੇ ਵੀ ਆਪਣੇ ਕੰਮ ਖੁਦ ਕਰਨ ਦੇ ਯੋਗ ਹੋ।

ਤੁਹਾਡੇ PoA ਨੂੰ ਰਜਿਸਟਰ ਕਰਨ ਲਈ ਸਾਨੂੰ ਹੇਠਾਂ ਦਿੱਤੇ ਦਸਤਾਵੇਜ਼ ਭੇਜਣ ਦੀ ਲੋੜ ਹੈ:

- ਤੁਹਾਡੇ ਵੱਲੋਂ ਦਸਤਖਤ ਕੀਤਾ ਗਿਆ PoA, ਪੂਰੀ ਤਰ੍ਹਾਂ ਮੁਕੰਮਲ ਕੀਤੇ ਸਰਟੀਫਿਕੇਟ ਸਮੇਤ
- ਇਸ ਗੱਲ ਦੀ ਪੁਸ਼ਟੀ ਕਿ ਤੁਹਾਡਾ/ਤੁਹਾਡੇ ਅਟਾਰਨੀ ਤੁਹਾਡੇ ਵੱਲੋਂ ਕਾਰਵਾਈ ਕਰਨ ਲਈ ਖੁੱਲ੍ਹੇ ਦਿਲ ਨਾਲ ਤਿਆਰ ਹੈ/ਹਨ ਅਤੇ
- ਰਜਿਸਟ੍ਰੇਸ਼ਨ ਫੀਸ

ਸਾਰੇ ਦਸਤਾਵੇਜ਼ ਸਾਨੂੰ ਡਾਕ ਰਾਹੀਂ ਜਾਂ ਇਲੈਕਟ੍ਰਾਨਿਕ PoA ਰਜਿਸਟ੍ਰੇਸ਼ਨ (EPOAR) ਸਹੂਲਤ ਦੀ ਵਰਤੋਂ ਕਰਕੇ ਇਲੈਕਟ੍ਰਾਨਿਕ ਤੌਰ 'ਤੇ ਭੇਜੇ ਜਾ ਸਕਦੇ ਹਨ। ਪੜਾਵ-ਦਰ-ਪੜਾਵ ਮਾਰਗਦਰਸ਼ਨ ਸਾਡੀ ਵੈੱਬਸਾਈਟ 'ਤੇ ਉਪਲਬਧ ਹੈ।

ਇੱਕ ਵਾਰ PoA ਰਜਿਸਟਰ ਹੋ ਜਾਣ ਤੋਂ ਬਾਅਦ, ਤੁਹਾਡੇ ਦਸਤਾਵੇਜ਼ ਅਤੇ PoA ਦੀ ਇੱਕ ਪ੍ਰਮਾਣਿਕ ਕਾਪੀ ਸਰਟੀਫਿਕੇਟ ਦੇ ਨਾਲ ਭੇਜਣ ਵਾਲੇ ਨੂੰ ਵਾਪਸ ਕਰ ਦਿੱਤੀ ਜਾਵੇਗੀ। ਅਸੀਂ ਤੁਹਾਨੂੰ ਤੁਹਾਡੇ ਰਿਕਾਰਡ ਲਈ ਰਜਿਸਟਰਡ PoA ਦੀ ਇੱਕ ਕਾਪੀ ਵੀ ਭੇਜਾਂਗੇ।

## ਕੀ ਮੇਰਾ ਅਟਾਰਨੀ ਮੇਰੇ ਅਸਮਰੱਥ ਹੋਣ ਤੋਂ ਪਹਿਲਾਂ ਮੇਰੇ PoA ਦੀ ਵਰਤੋਂ ਕਰ ਸਕਦਾ ਹੈ?

ਹਾਂ, ਜੇਕਰ ਤੁਸੀਂ ਚਾਹੁੰਦੇ ਹੋ ਤਾਂ ਉਹ ਤੁਹਾਡੇ ਵਿੱਤ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ ਪਰ ਉਹ ਤੁਹਾਡੀ ਭਲਾਈ ਬਾਰੇ ਫੈਸਲੇ ਉਦੋਂ ਤੱਕ ਨਹੀਂ ਲੈ ਸਕਦੇ ਜਦੋਂ ਤੱਕ ਤੁਸੀਂ ਆਪਣੇ ਲਈ ਉਹ ਫੈਸਲੇ ਲੈਣ ਦੇ ਯੋਗ ਨਹੀਂ ਹੋ ਜਾਂਦੇ।

## ਰਿਕਾਰਡ ਰੱਖਣ ਦੀ ਜ਼ਿੰਮੇਵਾਰੀ

ਤੁਹਾਡੇ ਵੱਲੋਂ ਕਾਰਵਾਈ ਕਰਨ ਵਾਲੇ ਅਟਾਰਨੀਆਂ ਉੱਤੇ ਇਹ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਆਪਣੀਆਂ ਕਾਰਵਾਈਆਂ ਦਾ ਰਿਕਾਰਡ ਸੰਭਾਲ ਕੇ ਰੱਖਣ। ਇਸਦਾ ਇਹ ਮਤਲਬ ਹੈ ਕਿ ਲਗਾਤਾਰ ਕੰਮ ਕਰਨ ਵਾਲੇ ਅਟਾਰਨੀ, ਭਾਵ ਵਿੱਤੀ ਸਬੰਧਤ ਸ਼ਕਤੀਆਂ ਵਾਲੇ ਅਟਾਰਨੀ, ਨੂੰ ਤੁਹਾਡੀ ਜਾਇਦਾਦ ਅਤੇ ਵਿੱਤੀ ਮਾਮਲਿਆਂ ਦੇ ਸਬੰਧ ਵਿੱਚ ਇੱਕ ਲਗਾਤਾਰ ਵਿੱਤੀ ਲੇਖਾ-ਜੋਖਾ ਰੱਖਣਾ ਚਾਹੀਦਾ ਹੈ। ਭਲਾਈ ਵਾਲੇ ਅਟਾਰਨੀਆਂ (ਵੇਲਫੇਰ ਅਟਾਰਨੀਜ਼) ਨੂੰ ਤੁਹਾਡੇ ਭਲਾਈ ਦੇ ਮੁੱਦਿਆਂ ਨਾਲ ਸਬੰਧਤ ਰਿਕਾਰਡ ਰੱਖਣੇ ਚਾਹੀਦੇ ਹਨ। ਆਚਰਣ-ਸੰਹਿਤਾ (ਕੋਡ ਆਫ ਪ੍ਰੈਕਟਿਸ) ਵਿੱਚ ਮਾਰਗਦਰਸ਼ਨ ਪ੍ਰਦਾਨ ਕੀਤਾ ਗਿਆ ਹੈ।

## ਕੀ ਮੈਂ PoA ਨੂੰ ਰਜਿਸਟਰ ਹੋਣ ਤੋਂ ਬਾਅਦ ਰੱਦ ਕਰ ਸਕਦਾ/ਸਕਦੀ ਹਾਂ?

ਤੁਸੀਂ ਸਾਡੇ ਕੋਲ ਰਜਿਸਟਰ ਹੋਣ ਤੋਂ ਬਾਅਦ ਆਪਣੇ PoA ਜਾਂ ਇਸ ਵਿੱਚ ਦਿੱਤੀਆਂ ਗਈਆਂ ਕਿਸੇ ਵੀ ਸ਼ਕਤੀਆਂ ਨੂੰ ਰੱਦ ਕਰ ਸਕਦੇ ਹੋ। ਇਹ ਕਿਵੇਂ ਕਰਨਾ ਹੈ, ਇਸ ਬਾਰੇ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਉਪਲਬਧ ਹੈ।

## ਮੈਂ ਹੋਰ ਮਦਦ ਜਾਂ ਜਾਣਕਾਰੀ ਕਿੱਥੋਂ ਪ੍ਰਾਪਤ ਕਰ ਸਕਦਾ/ਸਕਦੀ ਹਾਂ?

ਤੁਹਾਡਾ ਸਥਾਨਕ ਸਿਟੀਜ਼ਨਜ਼ ਐਡਵਾਈਸ ਬਿਉਰੋ (Citizens Advice Bureau) ਜਾਂ ਵਕੀਲ ਮਦਦ ਕਰ ਸਕਦੇ ਹਨ। ਸਾਡੀ ਵੈੱਬਸਾਈਟ 'ਤੇ ਬਹੁਤ ਸਾਰੀ ਉਪਯੋਗੀ ਜਾਣਕਾਰੀ ਹੈ ਜਾਂ ਜੇਕਰ ਤੁਸੀਂ ਚਾਹੋ ਤਾਂ ਸਾਨੂੰ ਫ਼ੋਨ ਵੀ ਕਰ ਸਕਦੇ ਹੋ। ਸਾਡਾ ਦਫ਼ਤਰ ਜਨਤਾ ਲਈ ਖੁੱਲ੍ਹਾ ਹੈ, ਹਾਲਾਂਕਿ ਕਿਰਪਾ ਕਰਕੇ ਅਪਾਇੰਟਮੈਂਟ ਦਾ ਸਮਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ, ਤਾਂ ਜੋ ਜਦੋਂ ਤੁਸੀਂ ਸਾਡੇ ਕੋਲ ਆਓ ਤਾਂ ਤੁਸੀਂ ਕਿਸੇ ਸਬੰਧਤ ਸਟਾਫ ਮੈਂਬਰ ਨੂੰ ਮਿਲਣਾ ਯਕੀਨੀ ਬਣਾ ਸਕੋ। ਕਿਰਪਾ ਕਰਕੇ ਨੋਟ ਕਰੋ ਕਿ ਅਸੀਂ ਕਾਨੂੰਨੀ ਸਲਾਹ ਪ੍ਰਦਾਨ ਨਹੀਂ ਕਰ ਸਕਦੇ।

**ਆਫਿਸ ਆਫ਼ ਦਾ ਪਬਲਿਕ ਗਾਰਡੀਅਨ (ਸਕਾਟਲੈਂਡ)**
**(Office of the Public Guardian, Scotland)**
ਹੇਡਰੀਅਨ ਹਾਊਸ (Hadrian House)
ਕੈਲੇਂਡਰ ਬਿਜ਼ਨਸ ਪਾਰਕ (Callendar Business Park)
ਕੈਲੇਂਡਰ ਰੋਡ (Callendar Road)
FALKIRK, FK1 1XR

ਟੈਲੀਫੋਨ: 01324 678300
ਈਮੇਲ: opg@scotcourts.gov.uk
www.publicguardian-scotland.gov.uk
Twitter: Public Guardian @OPGScotland
ਖੁੱਲਣ ਦਾ ਸਮਾਂ: ਸੋਮਵਾਰ-ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ

ਆਫਿਸ ਆਫ਼ ਦਾ ਪਬਲਿਕ ਗਾਰਡੀਅਨ ਸਕਾਟਿਸ਼ ਕੋਰਟਸ ਐਂਡ ਟ੍ਰਿਬਿਊਨਲਜ਼ ਸਰਵਿਸ (Scottish Courts and Tribunals Service) ਦਾ ਹਿੱਸਾ ਹੈ।